**11**

# ਦੁਆ ... ਨਹੀਂ ਹੈ

ਕਿਉਂ ਜੋ ਦੁਆ ਵਿਚ ਸਾਡੀਆਂ ਖ਼ੁਦਾ, ਵਿਸ਼ਵਾਸ ਅਤੇ ਜੀਵਨ ਦੀਆਂ ਧਾਰਣਾਵਾਂ ਜੁੜੀਆਂ ਹੋਈਆਂ ਹਨ, ਇਸ ਲਈ ਇਸ ਨੂੰ ਤਕਨੀਕ ਜਾਂ ਫ਼ਾਰਮੂਲੇ ਵਾਂਗ ਮੰਨਣਾ ਗ਼ਲਤ ਹੋਵੇਗਾ। ਇਨ੍ਹਾਂ ਸਬਕਾਂ ਵਿੱਚ ਜੁਆਬਾਂ ਦੀ ਤੁਲਨਾ ਵਿਚ ਸਵਾਲ ਜ਼ਿਆਦਾ ਹਨ। ਇਹ ਗਹਿਰਾਈ ਨੂੰ ਨਾ ਕਿ ਭਾਵਨਾਵਾਂ ਨੂੰ ਉਜਾਗਰ ਕਰਦੇ ਹਨ। ਇਸ ਲਈ ਭਾਵਨਾ ਦੀ ਬਜਾਇ ਵਿਚਾਰ ਦੀ ਜ਼ਿਆਦਾ ਲੋੜ ਹੈ। ਦੁਆ ਸੱਚਾਈ ਨੂੰ ਸਮਝਣ ਲਈ ਇਸ ਗੱਲ ਨੂੰ ਜ਼ਿਆਦਾ ਸਮਝਣ ਦੀ ਲੋੜ ਹੈ ਕਿ ਦੁਆ ਕੀ *ਨਹੀਂ* ਹੈ, ਬਜਾਇ ਇਸਦੇ ਕਿ ਦੁਆ *ਕੀ* ਹੈ। ਸਾਨੂੰ ਹਰ ਰੋਜ਼ ਆਪਣੇ ਆਪ ਨੂੰ ਯਾਦ ਦੁਆਉਣਾ ਚਾਹੀਦਾ ਹੈ ਕਿ ਦੁਆ ਕੀ ਨਹੀਂ ਹੈ, ਨਹੀਂ ਤਾਂ ਇਕ ਸਮਾਂ ਅਜਿਹਾ ਆ ਸਕਦਾ ਹੈ, ਜਦੋਂ ਸਾਨੂੰ ਦੁਆ ਬੇ–ਅਰਥ ਲਗਣੀ ਸ਼ੁਰੂ ਹੋ ਜਾਵੇਗੀ।

*ਦੁਆ ਸਿਰਫ਼ ਐਮਰਜੈਂਸੀ ਲਈ ਨਹੀਂ ਹੈ,* ਕਿ ਇਸਦੀ ਵਰਤੋਂ ਆਖ਼ਰੀ ਸਹਾਰੇ ਦੇ ਰੂਪ ਵਿਚ ਕੀਤੀ ਜਾਵੇ। ‘‘ਆਖ਼ਰੀ ਆਸਰੇ ਵਾਲਾ ਖ਼ੁਦਾ’’ ਖ਼ੁਦਾ ਨਹੀਂ ਹੋ ਸਕਦਾ। ਕਰਤਬ ਵਿਖਾਉਣ ਵਾਲੇ ਪਾਇਲਟ ਪੈਰਾਸ਼ੂਟ ਪਾ ਕੇ ਸਮਝਦਾਰੀ ਕਰਦੇ ਹਨ; ਤਾਂ ਵੀ ਉਨ੍ਹਾਂ ਦੀ ਇੱਛਾ ਇਸ ਨੂੰ ਪਾਉਣ ਦੀ *ਨਹੀਂ* ਹੁੰਦੀ। ਪੈਰਾਸ਼ੂਟ ਨੂੰ ਆਖ਼ਰੀ ਆਸਰੇ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਦੁਆ ਸਾਡੇ ਮਨ ਵਿਚ ਸਭ ਤੋਂ ਪਹਿਲਾਂ ਆਉਣੀ ਚਾਹੀਦੀ ਹੈ ਨਾ ਕਿ ਅਖ਼ੀਰ ਵਿਚ। ਸਾਡੀਆਂ ਦੁਆਵਾਂ ਬਿਪਤਾ ਨੂੰ ਨਕਾਰਾ ਕਰਨ ਦੇ ਸਾਡੇ ਅਸਿੱਧੇ ਉਪਰਾਲੇ ਨਾਲੋਂ ਕਿਤੇ ਵੱਧ ਹੋਣੀ ਚਾਹੀਦੀਆਂ ਹਨ। ਕਿਤੇ ਉਸ ਖ਼ੁਦਾ ਦੇ ਪਿੱਛੇ ਜਿਸ ਅੱਗੇ ਤੁਸੀਂ ਦੁਆ ਕਰ ਰਹੇ ਹੋ, ਮੂਰਤ ਤਾਂ ਨਹੀਂ ਲੁਕੀ? ਦੁਆ ‘‘ਸਹੀ ਖ਼ੁਦਾ’’ ਤੋਂ ਸਹੀ ਚੀਜ਼ ਮੰਗਣਾ ਹੈ। ਜਵਾਬ ਮਿਲੀ ਦੁਆ ਦੀ ਸਭ ਤੋਂ ਵੱਡੀ ਬਰਕਤ ਉਹ ਪਾ ਲੈਣਾ ਨਹੀਂ, ਜੋ ਤੁਸੀਂ ਮੰਗਿਆ ਹੋਵੇ, ਬਲਕਿ ਖ਼ੁਦਾ ਦੇ ਕੰਮ ਨੂੰ ਵੇਖਣਾ ਹੈ। ਅਸੀਂ ਖ਼ੁਦਾ ਨੂੰ ਚੰਗੀ ਦੁਆ ਕਰਨ ਲਈ ਨਹੀਂ ਜਾਣਦੇ ... ਅਸੀਂ ਖ਼ੁਦਾ ਤੋਂ ਚੰਗੀ ਦੁਆ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਜੀਉਂਦਾ ਰਹਿਣਾ ਦੁਆ ਕਰਨਾ ਹੈ। ਦੁਆ ਕਰਨਾ ਸਾਨੂੰ ਦੁਆ ਕਰਨ ਤੋਂ ਹੀ ਆਉਂਦਾ ਹੈ। ਇਸ ਲਈ ਦੁਆ ਵਿਸ਼ਾ ਵਸਤੂ ਹੈ, ਤਕਨੀਕ ਨਹੀਂ। ਦੁਆ ਵਿਚ ਕਦੀ ਕਿਸੇ ਨੂੰ ‘‘ਸ਼ਾਬਾਸ਼’’ ਨਹੀਂ ਮਿਲਦੀ। ਤੁਸੀਂ ਜਿੰਨੀ ਜ਼ਿਆਦਾ ਦੁਆ ਕਰੋਗੇ, ਆਪਣੀਆਂ ਦੁਆਵਾਂ ਤੋਂ ਓਨਾਂ ਹੀ ਘੱਟ ਸੰਤੁਸ਼ਟ ਹੋਵੋਗੇ। ਸੱਚੀ ਦੁਆ ਆਦਮੀ ਨੂੰ ਨਰਮ ਬਣਾ ਦਿੰਦੀ ਹੈ; ਉਸ ਨੂੰ ਇਹ ਸੋਚਣ ਤੇ ਮਜਬੂਰ ਕਰਦੀ ਹੈ ਕਿ ਰੂਹਾਨੀਅਤ ਵਿਚ ਉਹ ਦੂਜਿਆਂ ਤੋਂ ਬੇਹਤਰ ਨਹੀਂ ਹੈ। ਦੁਆ ਤੇ ਕਿਤਾਬ ਲਿਖਣ ਤੇ ਪ੍ਰਾਰਥਨਾ ਕਰਨ ਦਾ ਢੰਗ ਨਹੀਂ ਪਤਾ ਲੱਗ ਜਾਂਦਾ। ਮੈਂ ਜਿੰਨੀਆਂ ਵੀ ਕਿਤਾਬਾਂ ਲਿਖੀਆਂ ਹਨ, ਉਨ੍ਹਾਂ ਵਿੱਚੋਂ ਸਭ ਨਾਲੋਂ ਵੱਧ ਮੈਨੂੰ ਇਹ ਮੁਸ਼ਕਿਲ ਲੱਗੀ ਹੈ।

*ਦੁਆ ਸੌਦੇਬਾਜ਼ੀ ਨਹੀਂ ਹੈ।* ਬੇਬਸ ਲੋਕਾਂ ਕੋਲ ਕੋਈ ਅਧਾਰ ਨਹੀਂ ਹੈ, ਜਿਸ ਨਾਲ ਉਹ ਖ਼ੁਦਾ ਦੇ ਨਾਲ ਕੋਈ ਸੌਦਾ ਕਰਨ। ਤੁਸੀਂ ਖ਼ੁਦਾ ਨਾਲ ‘‘ਸੋਚ ਸਮਝ ਕੇ ਸੌਦਾ’’ ਨਹੀਂ ਕਰਦੇ। ਕਿਸੇ ਨੇ ਦੁਆ ਵਿਚ ਖ਼ੁਦਾ ਨੂੰ ਕਿਹਾ, ‘‘ਮੈਂ ਤੈਥੋਂ ਕਦੇ ਵੱਧ ਨਹੀਂ ਮੰਗਿਆ।’’ ਇਹ ਦੁਆ ਨੂੰ ਬਿਲਕੁਲ ਗ਼ਲਤ ਸਮਝਣਾ ਹੈ। ਉਹ ਸਾਡੀ ਰੋਜ਼ ਮਰੱਾ ਦੀ ਜ਼ਿੰਦਗੀ ਵਿਚ ਆਉਣਾ ਚਾਹੁੰਦਾ ਹੈ। ਉਹ ਝਕਦਾ ਨਹੀਂ ਹੈ। ਦੂਜੇ ਲੋਕ ਮੁਸੀਬਤ ਆਉਣ ਤੇ ਖ਼ੁਦਾ ਨਾਲ ਵਾਅਦਾ ਕਰਦੇ ਹਨ, ‘‘ਜੇ ਤੂੰ ਇਹ ਕਰ ਦਏਂ ਤਾਂ ਮੈਂ ਇਹ ਕਰਾਂਗਾ।’’ ਜੇਲ੍ਹਾਂ, ਹਸਪਤਾਲਾਂ ਅਤੇ ਕਬਰਸਤਾਨਾਂ ਵਿਚ ਖਾਧੀਆਂ ਗਈਆਂ ਸਹੁੰਆਂ ਕਦੇ ਸਿਰੇ ਨਹੀਂ ਚੜ੍ਹਦੀਆਂ। ਅਸੀਂ ਅਕਸਰ ਇਕ ਹੋਰ ਵੱਡੀ ਗ਼ਲਤੀ ਕਰਦੇ ਹਾਂ: ਅਸੀਂ ਸੋਚਦੇ ਹਾਂ ਕਿ ਖ਼ੁਦਾ ਦੀਆਂ ਨਜ਼ਰਾਂ ਵਿਚ ਕੁਝ ਦੁਆਵਾਂ ਬਹੁਤ ‘‘ਛੋਟੀਆਂ’’ ਅਤੇ ਕੁਝ ‘‘ਬਹੁਤ ਵੱਡੀਆਂ’’ ਹੁੰਦੀਆਂ ਹਨ। ਉਹਦੇ ਲਈ ਕੋਈ ਵੀ ਗੱਲ ‘‘ਬਹੁਤ ਨਿੱਕੀ’’ ਜਾਂ ‘‘ਬਹੁਤ ਵੱਡੀ’’ ਨਹੀਂ ਹੈ।

*ਦੁਆ ਕੋਈ ਚਮਤਕਾਰ ਨਹੀਂ,* ''ਇਕ ਦਿਨ ਵਿਚ ਇਕ ਚਮਤਕਾਰ ਹੋਣ ਤੇ ਸ਼ੈਤਾਨ ਦੂਰ ਨਹੀਂ ਭੱਜ ਜਾਂਦਾ।'' ਵਿਸ਼ਵਾਸ ਨਾਲ ਹੀ ਸੰਸਾਰ ਤੇ ਜਿੱਤ ਪਾਈ ਜਾਂਦੀ ਹੈ। ਤੁਫ਼ਾਨ ਦੇ ਵਿਚ ਫਸਣ ਤੇ ਰਸੂਲ ਯਿਸੂ ਨੂੰ ਪੁਕਾਰਨ ਲੱਗੇ ਸਨ। ਉਹ ਉਨ੍ਹਾਂ ਦੇ ਵਿਸ਼ਵਾਸ ਦੀ ਕਮੀ ਤੇ ਹਮੇਸ਼ਾ ਹੈਰਾਨ ਹੁੰਦਾ ਸੀ। ਉਨ੍ਹਾਂ ਬਾਰਾਂ ਨੂੰ ਝਿੜਕ ਕੇ ''ਹੇ ਥੋੜੀ ਪਰਤੀਤ ਵਾਲਿਓ'' (ਮੱਤੀ 14:31) ਕਿਹਾ ਸੀ। ਦੁਆ ਕੰਮ, ਕੋਸ਼ਿਸ਼ ਦਾ ਬਦਲ ਨਹੀਂ ਹੈ। ਦੁਆ ਲੋੜ ਪੈਣ ਤੇ ਖ਼ੁਦਾ ਨੂੰ ''ਵਰਤਣਾ'' ਨਹੀਂ ਹੈ, ਬਲਕਿ ਉਸਨੂੰ ਆਪਣੇ ਕੰਮ ਬਾਰੇ ਦੱਸਣਾ ਹੈ। ਦੁਆ ''ਪਰੀ ਕਥਾ'' ਨਹੀਂ ਹੈ; ਜਿਸ ਦੇ ਬਾਅਦ ''ਅਸੀਂ ਸਭ ਖੁਸ਼ੀ–ਖੁਸ਼ੀ ਰਹਿਣ ਲੱਗ ਪਈਏ।'' ਦੁਆ ਲੜਾਈ ਹੈ, ਜੱਦੋ ਜਹਿਦ ਹੈ, ਬਦਲਾਅ ਹੈ। ਦੁਆ ਤਾਂ ਰੂਹ ਦਾ ਅਖਾੜਾ ਹੈ। ਜੋ ਕੁਝ ਤੁਸੀਂ ਮੰਗਿਆ ਹੈ, ਉਹ ਨਾ ਮਿਲਣ ਤੇ ਖ਼ੁਦਾ ਤੇ ਬੁੜਬੁੜ ਕਰਨਾ, ਘਮੰਡ ਹੀ ਤਾਂ ਹੈ; ਨਾ ਮੰਗਣਾ ਬੇਪਰਤੀਤੀ ਹੈ। ਦੋਵੇਂ ਹੀ ਗੱਲਾਂ ਗ਼ਲਤ ਹਨ।

*ਦੁਆ ਵਿਚ ਘਮੰਡ ਵਾਲੀ ਕੋਈ ਗੱਲ ਨਹੀਂ ਹੈ।* ਦੁਆ ਤੋਂ ਬੇਬਸ ਹੋਣ ਦਾ ਪਤਾ ਲਗਦਾ ਹੈ। ਰੂਹਾਨੀਅਤ ਦਾ ਸਾਰ ਖ਼ੁਦਾ ਵਿਚ ਬੱਚਿਆਂ ਵਾਂਗ ਯਕੀਨ ਕਰਨਾ ਹੈ। ਇਸ ਗੱਲ ਤੇ ਇਤਰਾਉਣ ਵਾਲੇ ਕਿ ''ਮੇਰੀ ਹਰ ਦੁਆ ਦਾ ਜਵਾਬ ਮਿਲਦਾ ਹੈ'', ਮੈਨੂੰ ਡਰਾ ਦਿੰਦੇ ਹਨ। ਜੇਕਰ ਦੁਆ ਤੋਂ ਕਿਸੇ ਨੂੰ ਲਗਦਾ ਹੈ ਕਿ ਉਹ ਮਹਾਨ ਹੋ ਗਿਆ ਹੈ ਤਾਂ ਦੁਆ ਦੀ ਉਸਨੂੰ ਸਮਝ ਹੀ ਨਹੀਂ ਹੈ। ਦੁਆ ਵਿਚ ਕਿਸੇ ਨੂੰ ਸਕੂਲ ਦੇ ਬੱਚਿਆਂ ਵਾਂਗ ''ਸ਼ਾਬਾਸ਼'' ਨਹੀਂ ਮਿਲਦੀ। ਦੁਆ ਤੇ ਘਮੰਡ ਕਰਨ ਵਾਲੇ ਨੂੰ ਇਸ ਦੀ ਸਮਝ ਹੀ ਨਹੀਂ। ਬਾਈਬਲ ਦੁਆ ਦੇ ਨਾਲ ''ਉਪਰ ਚੜ੍ਹਣ ਦਾ ਅਨੁਭਵ'' ਨਹੀਂ ਦਿੰਦੀ। ਦੁਆ; ਬੁਨਿਆਦੀ ਤੌਰ ਤੇ ਖ਼ੁਦਾ ਨੂੰ ਸਾਡੀ ਪੁਕਾਰ ਨਹੀਂ, ਬਲਕਿ ਖ਼ੁਦਾ ਨੂੰ ਬੁਲਾਉਣ ਦੀ ਇਜਾਜ਼ਤ ਹੈ। ਦੁਆ ਅਤੇ ਘਮੰਡ ਦਾ ਕੋਈ ਮੇਲ ਨਹੀਂ।

*ਦੁਆ ਅਸਤੀਫ਼ਾ ਵੀ ਨਹੀਂ ਹੈ।* ਕੁਝ ਲੋਕ ਦੁਆ ਕਰਨ ਦਾ ਹੁਕਮ ਪੂਰਾ ਕਰਨ ਲਈ ਕਈ ਵਾਰ ਕੁਝ ਵੀ ਨਾ ਕਰ ਸਕਣ ਦੀ ਉਮੀਦ ਨਾਲ ਦੁਆ ਕਰਦੇ ਹਨ। ਜੇ ਤੁਸੀਂ ਵਿਸ਼ਵਾਸ ਹੀ ਨਹੀਂ ਕੀਤਾ ਤਾਂ ਦੁਆ ਕਿਉਂ ਕਰਦੇ ਹੋ। ਦੁਆ ਹਰ ਵਿਸ਼ਵਾਸੀ ਦਾ ਜਮਾਂਦਰੂ ਹੱਕ ਹੈ, ਕਿ ਗਿਣੇ ਚੁਣੇ ਲੋਕਾਂ ਨੂੰ ਮਿਲਿਆ ਦਾਨ। ਦੁਆ ਵਿੱਚੋਂ ਇਹ ਕਹਿੰਦੇ ਹੋਏ ਉਠਣਾ ਕਿ ''ਇਸ ਤੋਂ ਕੋਈ ਲਾਭ ਨਹੀਂ ਹੋਵੇਗਾ'' ਬੇਪਰਤੀਤੀ ਨਹੀਂ ਤਾਂ ਹੋਰ ਕੀ ਹੈ। ਖ਼ੁਦਾ ਵਫ਼ਾਦਾਰ ਹੈ। ਉਹ ਕਾਬਿਲ ਹੈ। ਦੁਆ ਖ਼ੁਦਾ ਨਾਲ ਮੁਲਾਕਾਤ ਹੈ। ਦੁਆ ਇਹ ਕਹਿਣਾ ਹੈ ਕਿ ''ਮੈਂ ਖ਼ੁਦਾ ਦੀ ਵਫ਼ਾਦਾਰੀ ਦੀ ਤਸਦੀਕ ਕਰਦਾ ਹਾਂ।'' ਤੁਸੀਂ ਜਾਂ ਤਾਂ ਉਨ੍ਹਾਂ ਕੰਮਾਂ ਨੂੰ ਵੇਖ ਸਕਦੇ ਹੋ ਜੋ ਖ਼ੁਦਾ ਨੇ ਸ਼ਾਇਦ ਤੁਹਾਡੇ ਲਈ ਕੀਤੇ ਹਨ, ਜਾਂ ਫਿਰ ਇਹ ਵੇਖੋ ਕਿ ਉਸਨੇ ਕੀ ਕੀਤਾ ਹੈ। ਆਪਣੀ ਅਪਾਰ ਬੁੱਧ ਨਾਲ ਖ਼ੁਦਾ ਨੇ ਇਕ ਦੁਨੀਆ ਬਣਾਈ ਹੈ; ਜਿਸ ਵਿਚ ਮਨੁੱਖ ਦੀ ਦੁਆ ਵੱਡੇ ਵੱਡੇ ਕੰਮ ਕਰ ਸਕਦੀ ਹੈ। ਇਸ ਤੇ ਯਕੀਨ ਕਰੋ ਅਤੇ ਇਸਦੀ ਵਰਤੋਂ ਕਰੋ।